Dufferin-Peel Catholic District School Board

# ਹੋਮਵਰਕ ਨੀਤੀ ਅਤੇ ਕਾਰਜਵਿਧੀਆਂ – ਕਿੰਡਰਗਾਰਡਨ ਤੋਂ ਗ੍ਰੇਡ 12

## ਨਵੀਂ ਹੋਮਵਰਕ ਨੀਤੀ ਅਤੇ ਕਾਰਜਵਿਧੀਆਂ

ਨਵੰਬਰ 2008 ਵਿੱਚ, ਡਫ਼ਰਿਨ-ਪੀਲ ਕੈਥੋਲਿਕ ਡਿਸਟ੍ਰਿਕਟ ਸਕੂਲ ਬੋਰਡ ਨੇ ਕਿੰਡਰਗਾਰਟਨ ਤੋਂ ਗ੍ਰੇਡ 12 ਲਈ ਸਿਤੰਬਰ 2009 ਵਿੱਚ ਲਾਗੂ ਕੀਤੇ ਜਾਣ ਲਈ ਇੱਕ ਨਵੀਂ ਬੋਰਡਵਿਆਪੀ ਹੋਮਵਰਕ ਨੀਤੀ ਅਤੇ ਕਾਰਜਵਿਧੀਆਂ ਅਪਣਾਈਆਂ। ਨੀਤੀ ਅਤੇ ਕਾਰਜਵਿਧੀਆਂ ਹੋਮਵਰਕ ਨੂੰ ਕੈਥੋਲਿਕ ਪਰਿਪੇਖ ਤੋਂ ਦੇਖਦੇ ਹਨ ਜੋ ਪਰਿਵਾਰ ਦੇ ਸਮੇਂ ਦੀ ਮਹੱਤਤਾ ਨੂੰ ਮਾਨਤਾ ਦਿੰਦਾ ਹੈ ਅਤੇ ਸਕੂਲ, ਪਰਿਵਾਰ ਅਤੇ ਪੈਰਿਸ਼ ਵਿਚਾਲੇ ਸੰਬੰਧਾਂ ਦਾ ਮਾਣ ਕਰਦਾ ਹੈ। ਇੱਕ ਕਮਿਊਨਿਟੀ ਵਜੋਂ, ਅਸੀਂ ਇਸ ਗੱਲ ਨੂੰ ਮਾਨਤਾ ਦਿੰਦੇ ਹਾਂ ਕਿ ਜਿੰਨੇ ਮਜ਼ਬੂਤ ਇਹ ਸੰਬੰਧ ਹੋਣਗੇ ਉਨੇ ਹੀ ਵਧੇਰੇ ਕਾਰਗਰ ਢੰਗ ਨਾਲ ਸਾਡੇ ਵਿਦਿਆਰਥੀ ਨਿਵੇਕਲੀਆਂ ਪ੍ਰਤਿਭਾਵਾਂ ਅਤੇ ਗੁਣ ਵਿਕਸਿਤ ਕਰ ਸਕਣਗੇ, ਜਿਨ੍ਹਾਂ ਦੀ ਉਹਨਾਂ ਨੂੰ ਅਸੀਸ ਮਿਲੀ ਹੈ।

## ਹੋਮਵਰਕ ਦੀ ਪਰਿਭਾਸ਼ਾ

ਨੀਤੀ ਅਤੇ ਕਾਰਜਵਿਧੀਆਂ ਦੀ ਪਰਿਭਾਸ਼ਾ ਅਨੁਸਾਰ ਹੋਮਵਰਕ *ਕਿਸੇ ਅਧਿਆਪਕ ਵੱਲੋਂ ਕਲਾਸ ਦੇ ਸਮੇਂ ਤੋਂ ਬਾਹਰ ਪੂਰਾ ਕਰਨ ਲਈ ਸੌਂਪਿਆ ਗਿਆ ਸਿੱਖਣ ਦਾ ਤਜਰਬਾ ਹੈ, ਜੋ ਹਰੇਕ ਵਿਦਿਆਰਥੀ ਦੀ ਸਿੱਖਿਆ ਅਤੇ ਵਿਕਾਸ ਵਿੱਚ ਸਹਾਇਤਾ ਕਰਦਾ ਅਤੇ ਉਸਨੂੰ ਭਰਪੂਰ ਬਣਾਉਂਦਾ ਹੈ।*

## ਪ੍ਰਭਾਵਕ ਹੋਮਵਰਕ ਦੀਆਂ ਵਿਸ਼ੇਸ਼ਤਾਵਾਂ

ਨੀਤੀ ਅਤੇ ਕਾਰਜਵਿਧੀਆਂ ਮੁਤਾਬਕ ਇਹ ਜ਼ਰੂਰੀ ਨਹੀਂ ਕਿ ਹੋਮਵਰਕ ਰੋਜ਼ ਦਿੱਤਾ ਜਾਵੇ, ਹਾਲਾਂਕਿ, ਇਸ ਦਾ ਸਬੰਧ ਲਾਜ਼ਮੀ ਰੂਪ ਵਿੱਚ ਸਿੱਧੇ ਤੌਰ 'ਤੇ ਉਸਦੇ ਨਾਲ ਹੋਣਾ ਚਾਹੀਦਾ ਹੈ ਜੋ ਵਿਦਿਆਰਥੀ ਕਲਾਸ ਵਿੱਚ ਸਿੱਖ ਰਿਹਾ ਹੈ ਅਤੇ ਇਸ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਹੋਣੀਆਂ ਚਾਹੀਦੀਆਂ ਹਨ:

- ਇਹ ਅਰਥਪੂਰਨ ਅਤੇ ਪ੍ਰਾਸੰਗਕ ਹੋਵੇ;
- ਇਸਦੀ ਯੋਜਨਾ ਇਰਾਦਤਨ ਵਿਦਿਆਰਥੀ ਨੂੰ ਵਾਧੂ ਬੋਝ ਤੋਂ ਬਚਾਉਣ ਲਈ ਬਣਾਈ ਗਈ ਹੋਵੇ;
- ਇਹ ਅਧਿਆਪਕ ਵੱਲੋਂ ਸਪਸ਼ਟ ਰੂਪ ਵਿੱਚ ਸਮਝਾਇਆ ਗਿਆ ਹੋਵੇ ਅਤੇ ਵਿਦਿਆਰਥੀਆਂ ਵੱਲੋਂ ਸਮਝਿਆ ਗਿਆ ਹੋਵੇ;
- ਇਹ ਵਿਦਿਆਰਥੀ ਦੀਆਂ ਸਿੱਖਣ ਸਬੰਧੀ ਲੋੜਾਂ ਨੂੰ ਪੂਰਾ ਕਰਨ ਲਈ, ਢੁੱਕਵੇਂ ਰੂਪ ਵਿੱਚ ਵਖਰਿਆਇਆ ਹੋਵੇ;
- ਸਮੇਂ ਅਨੁਸਾਰ ਇਸਦੀ ਪੜਚੋਲ ਕੀਤੀ ਜਾਵੇ।

ਹੋਮਵਰਕ ਜ਼ਰੂਰੀ ਰੂਪ ਵਿੱਚ ਪੈਨਸਿਲ ਅਤੇ ਕਾਗਜ਼ ਦੇ ਕਾਰਜਾਂ ਤੱਕ ਸੀਮਤ ਨਹੀਂ ਹੁੰਦਾ। ਇਸ ਵਿੱਚ ਮਿਸਾਲ ਵਜੋਂ ਅਭਿਆਸ ਕਰਨ, ਨਿਰੀਖਣ ਕਰਨ, ਦੁਹਰਾਉਣ, ਇੰਟਰਵਿਊ ਕਰਨ, ਖੋਜ ਅਤੇ ਅਧਿਐਨ ਕਰਨ ਵਰਗੇ ਦੂਜੇ ਕਾਰਜ ਵੀ ਸ਼ਾਮਲ ਹੋ ਸਕਦੇ ਹਨ।

## ਆਮ ਤੌਰ 'ਤੇ ਸੌਂਪੀਆਂ ਜਾਣ ਵਾਲੀਆਂ ਹੋਮਵਰਕ ਦੀਆਂ ਕਿਸਮਾਂ

ਹੇਠਾਂ ਦਿੱਤੀ ਸਾਰਣੀ ਡਫ਼ਰਿਨ-ਪੀਲ ਹੋਮਵਰਕ ਨੀਤੀ ਅਤੇ ਕਾਰਜਵਿਧੀਆਂ ਤੋਂ ਲਈ ਗਈ ਹੈ। ਇਹ ਆਮ ਤੌਰ 'ਤੇ ਸੌਂਪੇ ਜਾਂਦੇ ਹੋਮਵਰਕ ਦੀਆਂ ਚਾਰ ਕਿਸਮਾਂ ਅਤੇ ਉਹਨਾਂ ਦੇ ਪ੍ਰਯੋਜਿਤ ਨਤੀਜਿਆਂ ਦਾ ਬਿਆਨ ਕਰਦੀ ਹੈ।

| ਕਿਸਮ | ਪਰਿਭਾਸ਼ਾ | ਪ੍ਰਯੋਜਿਤ ਨਤੀਜਾ |
|---|---|---|
| **ਕੰਪਲੀਸ਼ਨ (ਪੂਰਤੀ) ਹੋਮਵਰਕ** | ਕਲਾਸ ਵਿੱਚ ਸ਼ੁਰੂ ਹੋਣ ਵਾਲੀ ਹਿਦਾਇਤ ਮਗਰੋਂ ਘਰ ਵਿੱਚ ਖਤਮ ਕੀਤੇ ਜਾਣ ਲਈ ਸੌਂਪਿਆ ਗਿਆ ਕੋਈ ਵੀ ਕੰਮ | ਵਿਦਿਆਰਥੀਆਂ ਨੂੰ ਇੰਸਟ੍ਰਕਸ਼ਨਲ (ਹਿਦਾਇਤਾਂ ਸਬੰਧੀ) ਪ੍ਰੋਗਰਾਮ ਦੇ ਨਾਲ ਚੱਲਣ ਵਿੱਚ ਮਦਦ ਕਰਦਾ ਹੈ |
| **ਪ੍ਰੈਕਟਿਸ (ਅਭਿਆਸ) ਹੋਮਵਰਕ** | ਕੋਈ ਵੀ ਕੰਮ ਜੋ ਕਲਾਸ ਵਿੱਚ ਸਿੱਖੇ ਗਏ ਹੁਨਰਾਂ ਅਤੇ ਧਾਰਨਾਵਾਂ ਦੀ ਸਮੀਖਿਆ ਅਤੇ ਉਹਨਾਂ ਨੂੰ ਪੁਨਰਲਾਗੂ ਕਰਦਾ ਹੋਵੇ | ਨਵੇਂ ਗ੍ਰਹਿਣ ਕੀਤੇ ਹੁਨਰਾਂ ਨੂੰ ਵਿਕਸਿਤ ਕਰਨ ਅਤੇ ਨਵੀਆਂ ਧਾਰਨਾਵਾਂ ਨੂੰ ਪਕੇਰਿਆਂ ਕਰਨ ਵਿੱਚ ਮਦਦ ਕਰਦਾ ਹੈ |
| **ਪ੍ਰੈਪਰੇਸ਼ਨ (ਤਿਆਰੀ) ਹੋਮਵਰਕ** | ਕੋਈ ਵੀ ਕੰਮ ਜੋ ਵਿਦਿਆਰਥੀਆਂ ਨੂੰ ਨਵੀਂ ਸਿੱਖਿਆ ਲਈ ਜਾਂ ਆਉਣ ਵਾਲੇ ਜੋੜਨ ਸਬੰਧੀ ਮੁਲਾਂਕਣਾਂ ਲਈ ਤਿਆਰ ਕਰਦਾ ਹੋਵੇ | ਇਸ ਵਿੱਚ ਵਿਦਿਆਰਥੀਆਂ ਵੱਲੋਂ ਸਿੱਖਣ ਦੀ ਤਿਆਰੀ ਵਿੱਚ ਜਾਣਕਾਰੀ ਜਾਂ ਕਲਾਕ੍ਰਿਤਾਂ ਇਕੱਠੀਆਂ ਕਰਨ ਦੀ ਲੋੜ ਪੈਂਦੀ ਹੈ ਜਾਂ ਪ੍ਰੀਖਿਆਵਾਂ, ਪੇਸ਼ਕਾਰੀਆਂ ਅਤੇ ਕਾਰਗੁਜ਼ਾਰੀਆਂ ਆਦਿ ਲਈ ਤਿਆਰੀ ਕਰਨ ਦੀ ਲੋੜ ਹੁੰਦੀ ਹੈ |
| **ਐਕਸਟੈਨਸ਼ਨ/ਪ੍ਰੋਜੈਕਟਸ/ਪ੍ਰਮੁੱਖ ਅਸਾਈਨਮੈਂਟਾਂ** | ਕੋਈ ਵੀ ਕੰਮ ਜੋ ਨਵੇਂ ਸੰਦਰਭਾਂ ਵਿੱਚ ਸਿੱਖਿਆ ਬਾਰੇ ਪਤਾ ਲਗਾਉਂਦਾ ਹੈ ਜਾਂ ਜਿਸ ਦਾ ਕਲਾਸਰੂਮ ਸਿੱਖਿਆ 'ਤੇ ਏਕੀਕਰਣ/ਵਿਸਤਾਰ ਹੁੰਦਾ ਹੈ | ਵਿਦਿਆਰਥੀਆਂ ਨੂੰ ਸਮੱਸਿਆ ਹੱਲ ਕਰਨ, ਸਿਰਜਣਾਤਮਕ ਢੰਗ ਨਾਲ ਸੋਚਣ ਅਤੇ ਅਲੋਚਨਾਪੂਰਨ ਢੰਗ ਨਾਲ ਸੋਚਣ ਲਈ ਪ੍ਰੇਰਿਤ ਕਰਦਾ ਹੈ |

*"Teach the righteous and they will gain in learning"* – ਕਹਾਉਤਾਂ ਅਧਿਆਏ 9:9

**ਵਿਸ਼ੇਸ਼ ਕਾਰਜਵਿਧੀਆਂ**

ਹੇਠਾਂ ਦਿੱਤੀ ਸਾਰਣੀ ਡਫ਼ਰਿਨ-ਪੀਲ ਦੀ ਹੋਮਵਰਕ ਨੀਤੀ ਅਤੇ ਕਾਰਜਵਿਧੀਆਂ ਤੋਂ ਲਈ ਗਈ ਹੈ। ਇਹ ਹਰੇਕ ਵਿਭਾਗ ਲਈ ਹੋਮਵਰਕ ਦੀ ਕਿਸਮ ਅਤੇ ਮਿਕਦਾਰ ਦੇ ਵਿਸ਼ੇ ਵਿੱਚ ਖਾਸ ਉਮੀਦਾਂ ਦੀ ਰੂਪਰੇਖਾ ਦਰਸਾਉਂਦੀ ਹੈ।

| | |
|---|---|
| **ਕਿੰਡਰਗਾਰਟਨ:** *ਖੋਜ ਪਰਿਵਾਰ ਦੀ ਸ਼ਮੂਲੀਅਤ ਅਤੇ ਵਿਦਿਆਰਥੀ ਦੀ ਪ੍ਰਾਪਤੀ ਵਿਚਾਲੇ ਇੱਕ ਮਜ਼ਬੂਤ ਸਬੰਧ ਦਰਸਾਉਂਦੀ ਹੈ।* | |
| ਕਿੰਡਰਗਾਰਟਨ ਵਿੱਚ ਕਲਾਸਰੂਮ ਤੋਂ ਬਾਹਰ ਸਿੱਖਿਆ ਵਿੱਚ ਖੇਡਣਾ, ਗੱਲਬਾਤ ਕਰਨਾ, ਸੁਣਨਾ, ਵੇਖਣਾ ਅਤੇ ਇਕੱਠਿਆਂ ਅੰਗ੍ਰੇਜ਼ੀ ਵਿੱਚ ਜਾਂ ਪਰਿਵਾਰ ਦੀ ਪਹਿਲੀ ਭਾਸ਼ਾ ਵਿੱਚ ਪੜ੍ਹਨਾ ਸ਼ਾਮਲ ਹੋਣਾ ਚਾਹੀਦਾ ਹੈ। *ਅਧਿਆਪਕ ਕਲਾਸਰੂਮ ਤੋਂ ਬਾਹਰ ਵਿਕਲਪਕ ਸਿੱਖਣ ਦੀਆਂ ਗਤੀਵਿਧੀਆਂ ਲਈ ਮਸ਼ਵਰੇ ਅਤੇ ਸਰੋਤ ਮੁਹੱਈਆ ਕਰਾ ਸਕਦਾ ਹੈ (ਮਿਸਾਲ ਲਈ ਜੁੜ ਕੇ ਬੈਠਣ ਵਾਲੀਆਂ ਕਿਤਾਬਾਂ ਆਦਿ)। ਵਾਧੂ ਮਸ਼ਵਰੇ http://www.gov.on.ca/children 'ਤੇ ਉਪਲਬਧ ਹਨ। | ਕਿੰਡਰਗਾਰਟਨ ਵਿੱਚ ਵਿਦਿਆਰਥੀਆਂ ਨੂੰ ਹੋਮਵਰਕ **ਨਹੀਂ*** ਦਿੱਤਾ ਜਾਵੇਗਾ। |
| **ਪ੍ਰਾਇਮਰੀ (ਗ੍ਰੇਡ 1-3):** *ਖੋਜ ਪ੍ਰਾਇਮਰੀ ਗ੍ਰੇਡਾਂ ਵਿੱਚ ਵਿਦਿਆਰਥੀ ਦੀ ਪ੍ਰਾਪਤੀ ਅਤੇ ਹਰ ਰੋਜ਼ ਅੰਗ੍ਰੇਜ਼ੀ ਵਿੱਚ ਜਾਂ ਪਰਿਵਾਰ ਦੀ ਪਹਿਲੀ ਭਾਸ਼ਾ ਵਿੱਚ ਵਿਦਿਆਰਥੀਆਂ ਨੂੰ ਜਾਂ ਵਿਦਿਆਰਥੀਆਂ ਦੇ ਨਾਲ ਪੜ੍ਹਨ ਵਿਚਾਲੇ ਇੱਕ ਮਜ਼ਬੂਤ ਸਬੰਧ ਦਰਸਾਉਂਦੀ ਹੈ।* | |
| ਸ਼ੁਰੂਆਤੀ ਗ੍ਰੇਡਾਂ ਵਿੱਚ ਹੋਮਵਰਕ ਜਿਆਦਾਤਰ ਪੜ੍ਹਨ, ਖੇਡਣ, ਚਰਚਾ ਕਰਨ, ਸੁਣਨ, ਵੇਖਣ ਅਤੇ ਪਰਸਪਰ ਪ੍ਰਭਾਵਸ਼ੀਲ ਗਤੀਵਿਧੀਆਂ ਜਿਵੇਂ ਕਿ ਪਰਿਵਾਰ ਨਾਲ ਆਧਾਰ ਬਣਾਉਣ ਅਤੇ ਖਾਣਾ ਪਕਾਉਣ ਆਦਿ ਦੇ ਰੂਪ ਵਿੱਚ ਹੋਵੇਗਾ। ਵਾਧੂ ਮਸ਼ਵਰੇ http://www.gov.on.ca/children 'ਤੇ ਉਪਲਬਧ ਹਨ। ਬਾਅਦ ਦੇ ਪ੍ਰਾਇਮਰੀ ਗ੍ਰੇਡਾਂ ਵਿੱਚ, ਹੋਮਵਰਕ ਸੁਤੰਤਰ ਕੰਮ ਦਾ ਰੂਪ ਲੈਣਾ ਸ਼ੁਰੂ ਕਰ ਸਕਦਾ ਹੈ। | ਰੋਜ਼ ਦਾ ਹੋਮਵਰਕ ਕੁੱਲ ਮਿਲਾ ਕੇ **ਔਸਤਨ 20 ਮਿੰਟਾਂ** ਤਕ ਸੀਮਤ ਹੋਵੇਗਾ। |
| **ਜੂਨੀਅਰ (ਗ੍ਰੇਡ 4-6):** *ਖੋਜ ਦਰਸਾਉਂਦੀ ਹੈ ਕਿ ਹੋਮਵਰਕ ਜੂਨੀਅਰ ਗ੍ਰੇਡਾਂ ਵਿੱਚ ਵਿਦਿਆਰਥੀਆਂ ਨੂੰ ਲਾਭ ਪ੍ਰਦਾਨ ਕਰਦਾ ਹੈ, ਖਾਸ ਕਰਕੇ ਸਕੂਲ ਅਤੇ ਸਿੱਖਿਆ ਪ੍ਰਤੀ ਵਿਦਿਆਰਥੀ ਦੇ ਰਵੱਈਏ ਦੇ ਵਿਸ਼ੇ ਵਿੱਚ।* | |
| ਜੂਨੀਅਰ ਗ੍ਰੇਡਾਂ ਵਿੱਚ ਹੋਮਵਰਕ ਸੁਤੰਤਰ ਕੰਮ ਦਾ ਰੂਪ ਲੈ ਸਕਦਾ ਹੈ। | ਰੋਜ਼ ਦਾ ਹੋਮਵਰਕ ਕੁੱਲ ਮਿਲਾ ਕੇ **ਔਸਤਨ 40 ਮਿੰਟਾਂ** ਤਕ ਸੀਮਤ ਹੋਵੇਗਾ। |
| **ਇੰਟਰਮੀਡੀਏਟ (ਗ੍ਰੇਡ 7 ਅਤੇ 8):** *ਖੋਜ ਦਰਸਾਉਂਦੀ ਹੈ ਕਿ ਇੰਟਰਮੀਡੀਏਟ ਗ੍ਰੇਡਾਂ ਵਿੱਚ ਵਿਦਿਆਰਥੀਆਂ ਲਈ ਹੋਮਵਰਕ ਬਿਹਤਰ ਹੋਈ ਪ੍ਰਾਪਤੀ ਵਿੱਚ ਯੋਗਦਾਨ ਪਾ ਸਕਦਾ ਹੈ।* | |
| ਹੋਮਵਰਕ ਸੋਚ ਸਮਝ ਕੇ ਵਾਧੂ ਬੋਝ ਤੋਂ ਬਚਣ ਦੇ ਹਿਸਾਬ ਨਾਲ ਵਿਉਂਤਬੱਧ ਕੀਤਾ ਜਾਵੇਗਾ। | ਸਾਰੇ ਵਿਸ਼ਿਆਂ ਦਾ ਰੋਜ਼ ਦਾ ਹੋਮਵਰਕ ਕੁੱਲ ਮਿਲਾ ਕੇ **ਔਸਤਨ 60 ਮਿੰਟਾਂ** ਤਕ ਸੀਮਤ ਹੋਵੇਗਾ। |
| **ਸੈਕੰਡਰੀ ਇੰਟਰਮੀਡੀਏਟ (ਗ੍ਰੇਡ 9 ਅਤੇ 10):** *ਜਦਕਿ ਖੋਜ ਦਰਸਾਉਂਦੀ ਹੈ ਕਿ ਹੋਮਵਰਕ ਨਾਲ ਜੁੜੇ ਲਾਭ ਸੈਕੰਡਰੀ ਗ੍ਰੇਡਾਂ ਵਿੱਚ ਸਭ ਤੋਂ ਵੱਧ ਹਨ, ਪ੍ਰਮਾਣ ਇਹ ਵੀ ਸੁਝਾਉਂਦੇ ਹਨ ਕਿ ਹੋਮਵਰਕ ਨਾਲ ਜੁੜਿਆ ਤਣਾਅ ਖਾਸ ਕਰਕੇ ਇਸ ਵਰਗ ਦੇ ਵਿਦਿਆਰਥੀਆਂ ਵਿਚਾਲੇ ਵਿਆਪਕ ਹੈ।* | |
| ਹੋਮਵਰਕ ਸੋਚ ਸਮਝ ਕੇ ਵਾਧੂ ਬੋਝ ਤੋਂ ਬਚਣ ਦੇ ਹਿਸਾਬ ਨਾਲ ਵਿਉਂਤਬੱਧ ਕੀਤਾ ਜਾਵੇਗਾ। | ਹਰ ਕੋਰਸ ਲਈ ਪ੍ਰਤੀ ਦਿਨ ਦਾ ਹੋਮਵਰਕ ਕੁੱਲ ਮਿਲਾ ਕੇ **ਔਸਤਨ 20 ਮਿੰਟਾਂ** ਤਕ ਸੀਮਤ ਹੋਵੇਗਾ। |
| **ਸੈਕੰਡੀਰੀ ਸੀਨੀਅਰ (ਗ੍ਰੇਡ 11 ਅਤੇ 12):** *ਜਦਕਿ ਖੋਜ ਦਰਸਾਉਂਦੀ ਹੈ ਕਿ ਹੋਮਵਰਕ ਨਾਲ ਜੁੜੇ ਲਾਭ ਸੈਕੰਡਰੀ ਗ੍ਰੇਡਾਂ ਵਿੱਚ ਸਭ ਤੋਂ ਵੱਧ ਹਨ, ਪ੍ਰਮਾਣ ਇਹ ਵੀ ਸੁਝਾਉਂਦੇ ਹਨ ਕਿ ਹੋਮਵਰਕ ਨਾਲ ਜੁੜਿਆ ਤਣਾਅ ਖਾਸ ਕਰਕੇ ਇਸ ਵਰਗ ਦੇ ਵਿਦਿਆਰਥੀਆਂ ਵਿਚਾਲੇ ਵਿਆਪਕ ਹੈ।* | |
| ਹੋਮਵਰਕ ਸੋਚ ਸਮਝ ਕੇ ਵਾਧੂ ਬੋਝ ਤੋਂ ਬਚਣ ਦੇ ਹਿਸਾਬ ਨਾਲ ਵਿਉਂਤਬੱਧ ਕੀਤਾ ਜਾਵੇਗਾ। | ਹਰ ਕੋਰਸ ਲਈ ਪ੍ਰਤੀ ਦਿਨ ਦਾ ਹੋਮਵਰਕ ਕੁੱਲ ਮਿਲਾ ਕੇ **ਔਸਤਨ 30 ਮਿੰਟਾਂ** ਤਕ ਸੀਮਤ ਹੋਵੇਗਾ। |

**ਆਪਣੇ ਬੱਚੇ ਦੀ ਹੋਮਵਰਕ ਵਿੱਚ ਸਹਾਇਤਾ ਕਰਨੀ**

ਅੱਗੇ ਦਿੱਤੇ ਨੁਸਖੇ ਪਰਿਵਾਰਾਂ ਨੂੰ ਹੋਮਵਰਕ ਵਿੱਚ ਆਪਣੇ ਬੱਚੇ ਦੀ ਸਹਾਇਤਾ ਕਰਨ ਵਿੱਚ ਮਦਦ ਕਰ ਸਕਦੇ ਹਨ:

1. ਆਪਣੇ ਬੱਚੇ ਲਈ ਹਰ ਰੋਜ਼ ਸਕੂਲ ਤੋਂ ਬਾਅਦ ਹੋਮਵਰਕ ਕਰਨ ਲਈ ਖਾਸ ਸਮਾਂ ਅੱਲਗ ਕਰਕੇ ਰੱਖੋ।
2. ਆਪਣੇ ਬੱਚੇ ਲਈ ਬਗੈਰ ਉਸਦਾ ਕੰਮ ਕੀਤੇ, ਮਦਦ ਕਰਨ ਲਈ ਉਪਲਬਧ ਰਹੋ।
3. ਆਪਣੇ ਬੱਚੇ ਨਾਲ ਉਸਦੇ ਸਕੂਲ ਦੇ ਦਿਨ ਬਾਰੇ ਗੱਲਬਾਤ ਕਰਕੇ ਉਸਦੀ ਸਿੱਖਿਆ ਵਿੱਚ ਦਿਲਚਸਪੀ ਨੂੰ ਦਰਸਾਉ।
4. ਵੱਖ ਵੱਖ ਸਮੱਗਰੀਆਂ ਤੋਂ ਆਪਣੇ ਬੱਚੇ ਨੂੰ ਪੜ੍ਹ ਕੇ ਸੁਣਾਓ ਅਤੇ ਉਸਦੇ ਨਾਲ ਮਿਲਦੇ ਪੜ੍ਹੋ।
5. ਆਪਣੀ ਰੋਜ਼ ਦੀ ਰੁਟੀਨ ਵਿੱਚ ਸਾਖਰਤਾ ਅਤੇ ਅੰਕ ਸਾਖਰਤਾ ਦਰਸਾਉ, ਮਿਸਾਲ ਲਈ, ਅਖਬਾਰਾਂ ਪੜ੍ਹਕੇ, ਰਾਸ਼ਨ ਦੀਆਂ ਸੂਚੀਆਂ ਬਣਾਕੇ, ਮਾਪ ਕੇ ਜਾਂ ਖਰਚਿਆਂ ਦਾ ਹਿਸਾਬ ਲਗਾ ਕੇ।
6. ਵੱਡੇ ਬੱਚਿਆਂ ਨੂੰ ਹੱਥੀ ਕੰਮ ਕਰਨ ਵਾਲੀਆਂ ਗਤੀਵਿਧੀਆਂ ਦਿਉ ਜਿਵੇਂ ਕਿ ਭੋਜਨ ਤਿਆਰ ਕਰਨਾ, ਕਲਾ ਅਤੇ ਕਾਰੀਗਰੀ ਕਰਨਾ, ਅਤੇ ਅੱਖਰਾਂ ਅਤੇ ਸ਼ਬਦਾਂ ਦੀਆਂ ਖੇਡਾਂ ਖੇਡਣਾ।
7. ਟੈਲੀਵਿਜ਼ਨ ਅਤੇ ਹੋਰ ''ਤਕਨਾਲੋਜੀ ਸਮੇਂ'' ਨੂੰ ਸੀਮਤ ਕਰੋ, ਖਾਸ ਕਰਕੇ ਜੇ ਤੁਹਾਡਾ ਬੱਚੇ ਨੂੰ ਸਕੂਲ ਦਾ ਕੰਮ ਪੂਰਾ ਕਰਨ ਵਿੱਚ ਮੁਸ਼ਕਿਲ ਆ ਰਹੀ ਹੈ।
8. ਜੇ ਤੁਹਾਨੂੰ ਆਪਣੇ ਬੱਚੇ ਦੇ ਹੋਮਵਰਕ ਬਾਰੇ ਚਿੰਤਾਵਾਂ ਹਨ ਤਾਂ ਆਪਣੇ ਬੱਚੇ ਦੇ ਅਧਿਆਪਕ ਨਾਲ ਸੰਪਰਕ ਕਰੋ।

**ਅਤਿਰਿਕਤ ਸਹਾਇਤਾ**

www.dpcdsb.org/homework ਕਾਰਜਵਿਧੀਆਂ ਅਤੇ ਸਹਾਇਕ ਸਰੋਤਾਂ ਦੀ ਆਨਲਾਈਨ ਕਾਪੀ ਪ੍ਰਦਾਨ ਕਰਦੀ ਹੈ

http://www.mississauga.ca/portal/residents/homeworklinks ਹੋਮਵਰਕ ਵਿੱਚ ਸਹਾਇਕ ਆਨਲਾਈਨ ਸਰੋਤ ਪ੍ਰਦਾਨ ਕਰਦੀ ਹੈ

www.caledon.library.on.ca ਹੋਮਵਰਕ ਵਿੱਚ ਸਹਾਇਕ ਆਨਲਾਈਨ ਸਰੋਤ ਪ੍ਰਦਾਨ ਕਰਦੀ ਹੈ

www.orangeville.library.on.ca ਹੋਮਵਰਕ ਵਿੱਚ ਸਹਾਇਕ ਆਨਲਾਈਨ ਸਰੋਤ ਪ੍ਰਦਾਨ ਕਰਦੀ ਹੈ

www.ilc.org ਕਿਸੇ ਪ੍ਰਮਾਣਤ ਅਧਿਆਪਕ ਤੋਂ ਹੋਮਵਰਕ ਵਿੱਚ ਸਿੱਧੀ, ਆਨਲਾਈਨ ਮਦਦ ਪ੍ਰਦਾਨ ਕਰਦੀ ਹੈ